| OFFICE OF THE DIRECTOR GENERAL OF POLICE PUNJAB, CHANDIGARH. | ਪ੍ਰਸਾਸਨ ਵਿੰਗ (ਅਮਲਾ-1 ਸਾਖਾ) | ਦਫਤਰ, ਡਾਇਰੈਕਟਰ ਜਨਰਲ ਪੁਲਿਸ , ਪੰਜਾਬ, ਚੰਡੀਗੜ੍ਹ। |
|---|---|---|

ਵੱਲ

1. ਡੀ.ਜੀ.ਪੀ/ਇੰਟੈਲੀਜੈਂਸ, ਪੰਜਾਬ, ਚੰਡੀਗੜ੍ਹ।
2. ਏ.ਡੀ.ਜੀ.ਪੀ/ਆਰਮਡ ਬਨਜ:, ਜਲੰਧਰ।
3. ਏ.ਡੀ.ਜੀ.ਪੀ/ਬਿਓਰੋ ਆਫ ਇਨਵੈਸਟੀਗੇਸਨ, ਪੰਜਾਬ, ਚੰਡੀਗੜ੍ਹ।
4. ਏ.ਡੀ.ਜੀ.ਪੀ/ਜੀ.ਆਰ.ਪੀ, ਪੰਜਾਬ, ਪਟਿਆਲਾ।
5. ਮੁੱਖ ਡਾਇਰੈਕਟਰ ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
6. ਸਮੂਹ ਕਮਿਸਨਰੇਟ ਪੁਲਿਸ, ਪੰਜਾਬ।
7. ਸਮੂਹ ਰੇਂਜ ਡੀ.ਆਈ.ਜੀ, ਪੰਜਾਬ।
8. ਸਮੂਹ ਐਸ.ਐਸ.ਪੀ., ਪੰਜਾਬ।

ਯਾਦ ਪੱਤਰ ਨੰ:2525-2564 /ਈ-1(5)
ਮਿਤੀ, ਚੰਡੀਗੜ: 23/2/18

ਵਿਸਾ :- **ਪੰਜਾਬ ਪੁਲਿਸ ਐਕਟ,2007 ਹੋਂਦ ਵਿਚ ਆਉਣ ਉਪਰੰਤ ਮੁੱਖ ਸਿਪਾਹੀਆਂ ਦੀ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿਚ ਵੰਡ ਕਰਨ ਸਬੰਧੀ।**

******

ਹਵਾਲਾ ਇਸ ਦਫਤਰ ਦੇ ਪੱਤਰ ਨੰ: 12108-12208/ਈ-1(5) ਮਿਤੀ 10.11.2017 ਅਤੇ ਪੱਤਰ ਨੰਬਰ 13682-785/ਈ-1(5) ਮਿਤੀ 20.12.2017 ਦੀ ਲੜੀ ਵਿੱਚ, ਵਿਸ਼ਾ ਉਪਰੋਕਤ ਦੇ ਸਬੰਧ ਵਿੱਚ।

2. ਇਸ ਦਫਤਰ ਵਲੋਂ ਜਾਰੀ ਪੱਤਰ ਨੰ: 13682-785/ਈ-1(5) ਮਿਤੀ 20.12.2017 ਰਾਹੀਂ ਮਿਤੀ 20.02.2008 ਤੱਕ ਸਰਵਿੰਗ 11217 ਮੁੱਖ ਸਿਪਾਹੀਆਂ ਦੀ ਸੂਚੀ ਨੂੰ ਪੁਲਿਸ ਵੈਬਸਾਈਟ ਤੇ ਅਪਲੋਡ ਕੀਤਾ ਗਿਆ ਸੀ, ਜਿਸ ਵਿੱਚ ਸੂਚਿਤ ਕੀਤਾ ਗਿਆ ਸੀ ਕਿ ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਮਿਤੀ 20.02.2008 ਤੋਂ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਸੀਨੀਅਰਤਾ ਸੂਚੀ ਵੱਖ-ਵੱਖ ਤਿਆਰ ਕੀਤੀ ਜਾਣੀ ਬਣਦੀ ਹੈ। ਇਸ ਲਈ ਸਮੂਹ ਕਰਮਚਾਰੀ ਜਿਲਾ ਕੇਡਰ/ਆਰਮਡ ਕੇਡਰ ਵਿੱਚ ਸੀਨੀਅਰਤਾ ਫਿਕਸ ਕਰਵਾਉਣੀ ਸਬੰਧੀ ਆਪਣੀ ਆਪਸ਼ਨਾਂ ਇਸ ਦਫਤਰ ਨੂੰ 07 ਦਿਨਾਂ ਦੇ ਅੰਦਰ-ਅੰਦਰ ਭੇਜ ਸਕਦਾ ਹੈ ਅਤੇ ਉਹਨਾਂ ਵਲੋਂ ਦਿੱਤੀ ਗਈ ਆਪਸ਼ਨ ਫਾਈਨਲ ਹੋਵੇਗੀ। ਇਸ ਉਪਰੰਤ ਇਸ ਦਫਤਰ ਦੇ ਪੱਤਰ ਮਿਤੀ 10.01.2018 ਰਾਹੀਂ ਦੁਬਾਰਾ ਸਮੂਹ ਦਫਤਰਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਹ ਮਿਤੀ 11.02.2018 ਤੱਕ ਹਰ ਹਾਲਤ ਵਿੱਚ ਕਰਮਚਾਰੀਆਂ ਵਲੋਂ ਦਿੱਤੀ ਗਈ ਆਪਸ਼ਨ ਇਸ ਦਫਤਰ ਨੂੰ ਭੇਜਣਗੇ। ਜੇਕਰ ਫਿਰ ਵੀ ਕਿਸੇ ਕਰਮਚਾਰੀ ਦੀ ਆਪਸਨ ਇਸ ਦਫਤਰ ਵਿੱਚ ਪ੍ਰਾਪਤ ਨਹੀਂ ਹੁੰਦੀ ਹੈ ਜਾਂ ਆਪਸਨ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਪ੍ਰਬੰਧਕੀ ਅਧਾਰ ਤੇ ਫੈਸਲਾ ਲਿਆ ਜਾਵੇਗਾ।

3. ਜਿਹੜੇ ਕਰਮਚਾਰੀਆਂ ਵਲੋਂ ਇੱਕ ਕੇਡਰ ਤੋਂ ਦੂਜੇ ਕੇਡਰ ਵਿੱਚ ਜਾਣ ਲਈ ਆਪਸਨ ਦਿੱਤੀ ਹੈ, ਸੀਨੀਅਰਤਾ ਸੂਚੀ ਨੂੰ ਧਿਆਨ ਵਿੱਚ ਰਖਦੇ ਹੋਏ ਅਤੇ ਉਸ ਕੇਡਰ ਵਿੱਚ ਅਸਾਮੀ ਵੀ ਖਾਲੀ ਹੈ ਤਾਂ ਉਸਨੂੰ ਉਸ ਕੇਡਰ

ਵੱਚ ਤਬਦੀਲ ਕਰ ਦਿੱਤਾ ਗਿਆ ਹੈ। ਜੇਕਰ ਕਰਮਚਾਰੀ ਵਲੋਂ ਦਿੱਤੀ ਆਪਸਨ ਅਨੁਸਾਰ ਉਸ ਕੇਡਰ ਵਿੱਚ ਅਸਾਮੀ ਖਾਲੀ ਨਹੀਂ ਹੈ ਤਾਂ ਜਿਸ ਕੇਡਰ ਵਿੱਚ ਅਸਾਮੀ ਖਾਲੀ ਹੈ, ਉਸਨੂੰ ਉਸ ਕੇਡਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

4. ਜਿਹਨਾਂ ਕਰਮਚਾਰੀਆਂ ਵਲੋਂ ਕੋਈ ਆਪਸਨ ਨਹੀਂ ਦਿੱਤੀ ਗਈ ਹੈ, ਉਹਨਾਂ ਕਰਮਚਾਰੀਆਂ ਨੂੰ ਉਸੇ ਕੇਡਰ ਵਿੱਚ ਹੀ ਰੱਖਿਆ ਗਿਆ ਹੈ, ਜੇਕਰ ਕਿਸੇ ਕੇਡਰ ਵਿੱਚ ਕਰਮਚਾਰੀਆਂ ਦੀ ਗਿਣਤੀ ਮੰਨਜੂਰਸ਼ੁਦਾ ਅਸਾਮੀ ਤੋਂ ਵੱਧ ਹੈ ਤਾਂ ਉਸ ਕੇਡਰ ਦੇ ਜੂਨੀਅਰ ਕਰਮਚਾਰੀਆਂ ਨੂੰ ਦੂਜੇ ਕੇਡਰ ਵਿੱਚ ਖਾਲੀ ਪਈਆਂ ਅਸਾਮੀਆਂ ਦੇ ਵਿਰੁੱਧ ਸੀਨੀਅਰਤਾ ਅਨੁਸਾਰ ਪ੍ਰਬੰਧਕੀ ਅਧਾਰ ਤੇ ਸਾਮਲ ਕੀਤਾ ਗਿਆ ਹੈ।

5. ਉਪਰੋਕਤ ਲਏ ਫੈਸਲੇ ਅਨੁਸਾਰ ਜਿਲਾ ਕੇਡਰ ਦੇ 7218 ਅਤੇ ਆਰਮਡ ਕੇਡਰ ਦੇ 3725 ਕਰਮਚਾਰੀਆਂ ਦੀ ਸੂਚੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਅਧੀਨ ਤਾਇਨਾਤ ਕਰਮਚਾਰੀਆਂ ਨੂੰ ਇਸ ਸਬੰਧ ਵਿੱਚ ਨੋਟ ਕਰਵਾਇਆ ਜਾਵੇ ਅਤੇ ਸਬੰਧਤ ਕਰਮਚਾਰੀਆਂ ਪਾਸੋਂ ਇਸ ਸਬੰਧੀ ਲਿਖਤੀ ਤੋਰ ਤੇ ਪੁੱਛਿਆ ਜਾਵੇ ਕਿ ਉਹਨਾਂ ਨੂੰ ਇਸ ਵੰਡ ਸਬੰਧੀ ਕੋਈ ਇਤਰਾਜ ਹੈ ਜਾਂ ਨਹੀਂ। ਜੇਕਰ ਇਸ ਵੰਡ ਸਬੰਧੀ ਕਿਸੇ ਕਰਮਚਾਰੀ ਨੂੰ ਇਤਰਾਜ ਹੈ ਤਾਂ 15 ਦਿਨ ਦੇ ਅੰਦਰ-ਅੰਦਰ ਹਾਸਲ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

ਡੀ.ਆਈ.ਜੀ/ਪ੍ਰਸਾਸਨ,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰ: /ਈ-1(5) ਮਿਤੀ:-

ਉਪਰੋਕਤ ਦਾ ਉਤਾਰਾ ਸਮੇਤ ਜਿਲਾ ਕੇਡਰ ਦੇ 7218 ਅਤੇ ਆਰਮਡ ਕੇਡਰ ਦੇ 3725 ਕਰਮਚਾਰੀਆਂ ਦੀ ਸੂਚੀ, ਇੰਚਾਰਜ, ਪੰਜਾਬ ਪੁਲਿਸ ਵੈਬਸਾਇਟ ਨੂੰ ਪੰਜਾਬ ਪੁਲਿਸ ਵੈੱਬਸਾਇਟ ਤੇ ਅੱਪਲੋਡ ਕਰਨ ਲਈ ਭੇਜੀ ਜਾਂਦੀ ਹੈ।

ਡੀ.ਆਈ.ਜੀ/ਪ੍ਰਸਾਸਨ,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।